


# ਦਾਖ਼ਲਾ ਪ੍ਰਕਿਰਿਆਵਾਂ ਲਈ ਤਾਜ਼ਾ ਜਾਣਕਾਰੀ

## ਪਰਿਵਾਰਾਂ ਲਈ ਜਾਣਕਾਰੀ

### ਕੀ ਬਦਲਿਆ ਹੈ?

ਕਿੰਡਰਗਾਰਟਨ (Kindergarten) ਤੋਂ ਲੈ ਕੇ 12ਵੀਂ ਜਮਾਤ (Year 12) ਤੱਕ ਦਾਖ਼ਲੇ ਦੀਆਂ ਪ੍ਰਕਿਰਿਆਵਾਂ ਵਿੱਚ ਹੇਠ ਲਿਖੀਆਂ ਤਬਦੀਲੀਆਂ ਕੀਤੀਆਂ ਗਈਆਂ ਹਨ ਅਤੇ ਇਹ ਸਾਰੇ ਸਰਕਾਰੀ ਸਕੂਲਾਂ ਵਿੱਚ ਟਰਮ 1, 2026 ਤੋਂ ਸ਼ੁਰੂ ਹੋਣ ਵਾਲੇ ਦਾਖ਼ਲਿਆਂ 'ਤੇ ਲਾਗੂ ਹੁੰਦੀਆਂ ਹਨ।

### ਗ਼ੈਰ-ਸਥਾਨਕ ਦਾਖ਼ਲਿਆਂ ਲਈ ਤਾਜ਼ਾ ਜਾਣਕਾਰੀ

2025 ਵਿੱਚ, ਅਸੀਂ ਕੁਝ ਸਿੱਖਣ ਅਤੇ ਸਿਹਤ ਭਲਾਈ ਦੀਆਂ ਜ਼ਰੂਰਤਾਂ ਵਾਲੇ ਵਿਦਿਆਰਥੀਆਂ, ਇਸ ਸਮੇਂ ਪੜ੍ਹ ਰਹੇ ਵਿਦਿਆਰਥੀਆਂ ਦੇ ਭੈਣਾਂ-ਭਰਾਵਾਂ ਅਤੇ ਸਕੂਲ ਦੇ ਅਮਲੇ ਦੇ ਬੱਚਿਆਂ ਲਈ ਗ਼ੈਰ-ਸਥਾਨਕ ਦਾਖ਼ਲਾ ਅਰਜ਼ੀਆਂ ਨੂੰ ਤਰਜੀਹ ਦੇਣ ਲਈ ਮਾਪਦੰਡ ਪੇਸ਼ ਕੀਤੇ ਸਨ।

2026 ਵਿੱਚ, ਗ਼ੈਰ-ਸਥਾਨਕ ਦਾਖ਼ਲੇ ਨੂੰ ਹੇਠ ਲਿਖਿਆਂ ਲਈ ਵੀ ਤਰਜੀਹ ਦਿੱਤੀ ਜਾਵੇਗੀ:

- ਸਭਿਆਚਾਰਕ, ਪਰਿਵਾਰਕ ਅਤੇ kinship connections ਨੂੰ ਮਾਨਤਾ ਦੇਣ ਲਈ ਆਦਿਵਾਸੀ ਅਤੇ/ਜਾਂ ਟੌਰੈੱਸ ਸਟ੍ਰੇਟ ਆਈਲੈਂਡਰ ਦੇ ਵਿਦਿਆਰਥੀ।
- ਆਉਣ ਵਾਲੇ Kindergarten ਦੇ ਵਿਦਿਆਰਥੀ ਜਿਨ੍ਹਾਂ ਨੇ ਇੱਕ ਸਰਕਾਰੀ ਪ੍ਰੀ-ਸਕੂਲ ਵਿੱਚ ਪੜ੍ਹਾਈ ਕੀਤੀ ਹੈ ਜੋ NSW ਸਰਕਾਰੀ ਸਕੂਲ ਵਿੱਚ ਸਥਿਤ ਹੈ।

### ਫ਼ੌਜੀ ਪਰਿਵਾਰਾਂ ਦੇ ਬੱਚਿਆਂ ਲਈ ਵਧੇਰੇ ਲਚਕਤਾ

ਦਾਖ਼ਲਾ ਪ੍ਰਕਿਰਿਆਵਾਂ ਨੂੰ ਨਵਿਆਇਆ ਜਾ ਰਿਹਾ ਹੈ ਤਾਂ ਜੋ ਫ਼ੌਜੀ ਪਰਿਵਾਰਾਂ ਦੇ ਬੱਚਿਆਂ ਲਈ ਠਿਕਾਣਾ ਬਦਲਣ ਦੌਰਾਨ ਅਤੇ ਰਿਹਾਇਸ਼ ਲੱਭਦੇ ਸਮੇਂ ਸਕੂਲ ਦਾਖ਼ਲੇ ਦੀਆਂ ਜ਼ਰੂਰਤਾਂ ਦੀ ਵਧੇਰੇ ਲਚਕਤਾ ਨੂੰ ਯਕੀਨੀ ਬਣਾਇਆ ਜਾ ਸਕੇ।

### ਆਦਿਵਾਸੀ ਅਤੇ/ਜਾਂ ਟੌਰੈੱਸ ਸਟ੍ਰੇਟ ਆਈਲੈਂਡਰ kinship ਨੂੰ ਮਾਨਤਾ ਦੇਣਾ

ਸਕੂਲਾਂ ਕੋਲ ਆਦਿਵਾਸੀ ਅਤੇ/ਜਾਂ ਟੌਰੈੱਸ ਸਟ੍ਰੇਟ ਆਈਲੈਂਡਰ ਦੇ ਵਿਦਿਆਰਥੀਆਂ ਨੂੰ ਦਾਖ਼ਲ ਕਰਨ ਲਈ ਵਧੇਰੇ ਲਚਕਤਾ ਹੋਵੇਗੀ, ਜਿਸ ਵਿੱਚ kinship connections, ਸਭਿਆਚਾਰਕ ਸੁਰੱਖਿਆ, ਆਦਿਵਾਸੀ ਭਾਸ਼ਾ ਦੇ ਅਧਿਐਨ ਤੱਕ ਪਹੁੰਚ ਅਤੇ ਸਭਿਆਚਾਰਕ ਜ਼ਿੰਮੇਵਾਰੀਆਂ ਜਿਵੇਂ ਕਿ Sorry Business ਸ਼ਾਮਲ ਹਨ।

### ਸਾਡੇ ਸਭ ਤੋਂ ਨਿਤਾਣੇ ਵਿਦਿਆਰਥੀਆਂ ਵਾਸਤੇ ਨਿਰੰਤਰਤਾ

ਜ਼ਮਾਨਤ 'ਤੇ ਆਏ ਵਿਦਿਆਰਥੀਆਂ ਅਤੇ ਯੂਥ ਜਸਟਿਸ ਸੈਂਟਰਾਂ ਅਤੇ ਹਿਰਾਸਤ ਵਾਲੇ ਸਕੂਲਾਂ ਤੋਂ ਤਬਦੀਲ ਹੋਣ ਵਾਲੇ ਵਿਦਿਆਰਥੀਆਂ ਲਈ ਵਿਸ਼ੇਸ਼ ਮਾਰਗਦਰਸ਼ਨ ਨੂੰ ਵੀ ਸ਼ਾਮਲ ਕੀਤਾ ਜਾ ਰਿਹਾ ਹੈ ਅਤੇ ਇਸ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਸਥਾਨਕ ਦਾਖ਼ਲੇ ਦੀਆਂ ਅਰਜ਼ੀਆਂ 'ਤੇ ਹੁਣ 2 ਸਕੂਲੀ ਦਿਨਾਂ ਦੇ ਅੰਦਰ ਕਾਰਵਾਈ ਕੀਤੀ ਜਾਵੇਗੀ।

# ਅਕਸਰ ਪੁੱਛੇ ਜਾਣ ਵਾਲੇ ਸਵਾਲ

## ਕੀ ਇਹ ਤਬਦੀਲੀਆਂ ਮੇਰੇ ਬੱਚੇ 'ਤੇ ਲਾਗੂ ਹੁੰਦੀਆਂ ਹਨ?

NSW ਦੇ ਸਰਕਾਰੀ ਸਕੂਲਾਂ ਵਿੱਚ ਦਾਖ਼ਲਾ ਪ੍ਰਕਿਰਿਆਵਾਂ ਵਿੱਚ 2026 ਦੀਆਂ ਤਬਦੀਲੀਆਂ ਤੁਹਾਡੇ ਨਾਲ ਸੰਬੰਧਿਤ ਹਨ ਜੇ:

- ਤੁਹਾਡਾ ਬੱਚਾ kinship, ਭਾਸ਼ਾ ਜਾਂ ਸਭਿਆਚਾਰਕ ਛੋਟਾਂ ਵਾਲਾ ਆਦਿਵਾਸੀ ਅਤੇ/ਜਾਂ ਟੌਰੈੱਸ ਸਟ੍ਰੇਟ ਆਈਲੈਂਡਰ ਹੈ
- ਤੁਹਾਡਾ ਬੱਚਾ ਘਰ ਤੋਂ ਬਾਹਰ ਵਾਲੀ ਸੰਭਾਲ ਵਿੱਚ ਹੈ, ਜ਼ਮਾਨਤ 'ਤੇ ਹੈ, ਜਾਂ ਕਿਸੇ ਯੂਥ ਜਸਟਿਸ ਸੈਂਟਰ ਜਾਂ ਹਿਰਾਸਤ ਵਾਲੇ ਸਕੂਲ ਤੋਂ ਤਬਦੀਲ ਹੋ ਰਿਹਾ ਹੈ
- ਤੁਹਾਡੇ ਬੱਚੇ ਦੇ ਮਾਪਿਆਂ ਵਿੱਚੋਂ ਕਿਸੇ ਨੇ ਫ਼ੌਜੀ ਸੇਵਾ ਕੀਤੀ ਹੈ ਜਾਂ ਇਸ ਸਮੇਂ ਸੇਵਾ ਕਰ ਰਿਹਾ ਹੈ ਅਤੇ ਆਸਟ੍ਰੇਲੀਆ ਦੀ ਡਿਫੈਂਸ ਫੋਰਸ ਵਾਸਤੇ ਕੰਮ ਕਰਨ ਦੇ ਨਤੀਜੇ ਵਜੋਂ ਤਬਦੀਲ ਹੋਣ ਦੀਆਂ ਲੋੜਾਂ ਤੋਂ ਪ੍ਰਭਾਵਿਤ ਹੋ ਸਕਦਾ ਹੈ।

## ਕੀ ਹਰੇਕ ਸਕੂਲ ਨੂੰ ਇਨ੍ਹਾਂ ਤਬਦੀਲੀਆਂ ਨੂੰ ਲਾਗੂ ਕਰਨ ਦੀ ਲੋੜ ਪਵੇਗੀ?

ਸਕੂਲ ਦੀ ਦਾਖ਼ਲੇ ਦੀਆਂ ਉਪਲਬਧ ਜਗ੍ਹਾਵਾਂ 'ਤੇ ਨਿਰਭਰ ਕਰਦਿਆਂ, ਸਕੂਲਾਂ ਨੂੰ ਟਰਮ 1, 2026 ਲਈ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਲਈ ਗ਼ੈਰ-ਸਥਾਨਕ ਦਾਖ਼ਲਿਆਂ ਲਈ ਤਬਦੀਲੀਆਂ ਨੂੰ ਲਾਗੂ ਕਰਨ ਦੀ ਜ਼ਰੂਰਤ ਹੈ।

ਗ਼ੈਰ-ਸਥਾਨਕ ਵਿਦਿਆਰਥੀਆਂ ਲਈ ਦਾਖ਼ਲਾ ਪ੍ਰਕਿਰਿਆਵਾਂ ਵਿੱਚ ਤਬਦੀਲੀਆਂ ਮਾਹਰ ਹਾਲਾਤਾਂ ਜਾਂ ਪ੍ਰੋਗਰਾਮਾਂ ਲਈ ਯੋਗਤਾ ਦੀਆਂ ਜ਼ਰੂਰਤਾਂ ਨੂੰ ਪ੍ਰਭਾਵਿਤ ਨਹੀਂ ਕਰਨਗੀਆਂ, ਜਿਵੇਂ ਕਿ ਪੂਰੀ ਤਰ੍ਹਾਂ ਚੋਣਵੇਂ ਸਕੂਲ, ਵਿਸ਼ੇਸ਼ ਉਦੇਸ਼ਾਂ ਲਈ ਸਕੂਲ (schools for specific purposes (SSPs)), ਡਿਸਟੈਂਸ ਐਜੂਕੇਸ਼ਨ ਸਕੂਲ, ਅਤੇ ਵਿਸ਼ੇਸ਼ ਯੋਗਤਾ ਦੀਆਂ ਜ਼ਰੂਰਤਾਂ ਵਾਲੀਆਂ ਜਮਾਤਾਂ ਜਾਂ ਪ੍ਰੋਗਰਾਮਾਂ ਵਾਲੇ ਸਕੂਲ (ਉਦਾਹਰਨ ਲਈ, ਮੌਕਾ ਹਾਸਲ ਕਰਨ ਵਾਲੀਆਂ ਜਮਾਤਾਂ, ਮਾਹਰ ਖੇਡਾਂ ਅਤੇ/ਜਾਂ ਸਿਰਜਣਾਤਮਕ ਜਾਂ ਪ੍ਰਦਰਸ਼ਨ ਕਲਾ ਧਾਰਾਵਾਂ)। ਇਹ ਸਕੂਲ ਆਪਣੀਆਂ ਖੁਦ ਦੀਆਂ ਪ੍ਰਕਿਰਿਆਵਾਂ, ਯੋਗਤਾ ਦੇ ਮਾਪਦੰਡਾਂ ਅਤੇ ਮੁਲਾਂਕਣਾਂ ਦੇ ਅਧੀਨ ਹਨ ਅਤੇ ਆਪਣੀਆਂ ਦਾਖ਼ਲੇ ਦੀਆਂ ਵਰਤਮਾਨ ਪ੍ਰਕਿਰਿਆਵਾਂ ਦੀ ਪਾਲਣਾ ਕਰਨਾ ਜਾਰੀ ਰੱਖਣਗੇ।

ਇੱਕ ਲਿੰਗ ਵਾਲੇ ਬੱਚਿਆਂ ਨੂੰ ਪੜ੍ਹਾਉਣ ਵਾਲੇ ਸਕੂਲਾਂ ਨੂੰ ਤਬਦੀਲੀਆਂ ਲਾਗੂ ਕਰਨੀਆਂ ਚਾਹੀਦੀਆਂ ਹਨ ਜਦੋਂ ਤੱਕ ਦਾਖ਼ਲਾ ਲੈਣ ਵਾਲਾ ਬੱਚਾ ਉਸ ਲਿੰਗ ਲਈ ਸਕੂਲ ਦੀ ਯੋਗਤਾ ਦੀ ਜ਼ਰੂਰਤ ਨੂੰ ਪੂਰਾ ਕਰਦਾ ਹੈ। ਇਹ ਪੁੱਛਣ ਲਈ ਸੰਬੰਧਿਤ ਸਕੂਲ ਨਾਲ ਸੰਪਰਕ ਕਰੋ ਕਿ ਇਹ ਤਬਦੀਲੀਆਂ ਕਿਵੇਂ ਲਾਗੂ ਹੁੰਦੀਆਂ ਹਨ।

## ਜੇ ਮੇਰਾ ਬੱਚਾ ਨਵਿਆਏ ਗਏ ਮਾਪਦੰਡਾਂ ਦੀ ਪੂਰਤੀ ਕਰਦਾ ਹੈ ਤਾਂ ਕੀ ਗ਼ੈਰ-ਸਥਾਨਕ ਦਾਖ਼ਲੇ ਵਾਸਤੇ ਮੇਰੀ ਅਰਜ਼ੀ ਨੂੰ ਆਪਣੇ ਆਪ ਸਵੀਕਾਰ ਕਰ ਲਿਆ ਜਾਵੇਗਾ?

ਇਹ ਤਬਦੀਲੀਆਂ ਤੁਹਾਡੇ ਬੱਚੇ ਦੇ ਕਿਸੇ ਗ਼ੈਰ-ਸਥਾਨਕ ਸਰਕਾਰੀ ਸਕੂਲ ਵਿੱਚ ਦਾਖ਼ਲੇ ਦੀ ਗਰੰਟੀ ਨਹੀਂ ਦਿੰਦੀਆਂ। ਗ਼ੈਰ-ਸਥਾਨਕ ਅਤੇ ਸਥਾਨਕ ਦਾਖ਼ਲੇ ਦੀਆਂ ਉਪਲਬਧ ਜਗ੍ਹਾਵਾਂ ਵਾਲੇ ਸਕੂਲ ਤੁਹਾਡੀ ਅਰਜ਼ੀ 'ਤੇ ਵਿਚਾਰ ਕਰਨਗੇ। ਜਿਹੜੇ ਸਕੂਲਾਂ ਕੋਲ ਗ਼ੈਰ-ਸਥਾਨਕ ਦਾਖ਼ਲਿਆਂ ਲਈ ਸੀਮਤ ਜਗ੍ਹਾਵਾਂ ਹਨ, ਉਹ ਹੇਠ ਲਿਖਿਆਂ ਵਾਸਤੇ ਗ਼ੈਰ-ਸਥਾਨਕ ਦਾਖ਼ਲਿਆਂ ਨੂੰ ਤਰਜੀਹ ਦੇਣਗੇ:

- ਸਿੱਖਣ ਅਤੇ ਸਿਹਤ ਭਲਾਈ ਦੀਆਂ ਲੋੜਾਂ ਵਾਲੇ ਵਿਦਿਆਰਥੀਆਂ ਨੂੰ ਵਾਜਬ ਤਬਦੀਲੀਆਂ ਅਤੇ/ਜਾਂ ਵਾਧੂ ਵਿਦਿਅਕ ਸਹਾਇਤਾ ਦੀ ਲੋੜ ਹੁੰਦੀ ਹੈ, ਜਿਸ ਵਿੱਚ ਸ਼ਾਮਲ ਹਨ
  - ਸਭਿਆਚਾਰਕ ਛੋਟਾਂ ਅਤੇ/ਜਾਂ ਪਰਿਵਾਰਕ ਅਤੇ kinship connections ਅਤੇ ਰਿਸ਼ਤਿਆਂ ਵਾਲੇ ਆਦਿਵਾਸੀ ਅਤੇ/ਜਾਂ ਟੌਰੈੱਸ ਸਟ੍ਰੇਟ ਆਈਲੈਂਡਰ ਵਿਦਿਆਰਥੀ
  - ਅਪੰਗਤਾ
  - ਵਿਕਾਸ ਦੀ ਉਮਰ
  - ਸਦਮਾ
  - ਬਾਲ ਸੁਰੱਖਿਆ ਦੀਆਂ ਚਿੰਤਾਵਾਂ
  - ਡਾਕਟਰੀ ਅਤੇ ਵਿਅਕਤੀਗਤ ਲੋੜਾਂ ਅਤੇ ਹਾਲਾਤ
- ਇਸ ਸਮੇਂ ਸਕੂਲ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੇ ਭੈਣਾਂ-ਭਰਾਵਾਂ, ਸਹਾਇਤਾ ਯੂਨਿਟਾਂ ਵਿੱਚਲੇ ਵਿਦਿਆਰਥੀਆਂ ਦੇ ਭੈਣਾਂ-ਭਰਾਵਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ
- ਇੱਕ ਆਉਣ ਵਾਲਾ Kindergarten ਦਾ ਵਿਦਿਆਰਥੀ ਜਿਸ ਨੇ ਇੱਕ ਸਰਕਾਰੀ ਪ੍ਰੀ-ਸਕੂਲ ਵਿੱਚ ਪੜ੍ਹਾਈ ਕੀਤੀ ਹੈ ਜੋ NSW ਸਰਕਾਰੀ ਸਕੂਲ ਵਿੱਚ ਸਥਿਤ ਹੈ।

ਵਧੇਰੇ ਜਾਣਕਾਰੀ ਵਾਸਤੇ ਸੰਬੰਧਿਤ ਸਕੂਲ ਨਾਲ ਸੰਪਰਕ ਕਰੋ।

## ਕੀ ਇਸ ਦਾ ਮਤਲਬ ਇਹ ਹੈ ਕਿ ਹੁਣ ਤੋਂ ਕੇਵਲ ਗ਼ੈਰ-ਸਥਾਨਕ ਦਾਖ਼ਲਿਆਂ ਵਾਸਤੇ ਤਰਜੀਹੀ ਮਾਪਦੰਡਾਂ ਦੀ ਪੂਰਤੀ ਕਰਨ ਵਾਲੇ ਵਿਦਿਆਰਥੀਆਂ ਨੂੰ ਹੀ ਸਵੀਕਾਰ ਕੀਤਾ ਜਾਵੇਗਾ?

ਨਹੀਂ, ਮਾਪਿਆਂ ਦਾ ਆਪਣੇ ਬੱਚੇ ਨੂੰ ਕਿਸੇ ਵੀ ਸਰਕਾਰੀ ਸਕੂਲ ਵਿੱਚ ਦਾਖ਼ਲ ਕਰਵਾਉਣ ਲਈ ਅਰਜ਼ੀ ਦੇਣ ਲਈ ਸਵਾਗਤ ਹੈ ਜੇ ਬੱਚਾ ਸਕੂਲ ਜਾਣ ਦੇ ਯੋਗ ਹੈ ਅਤੇ ਸਕੂਲ ਬੱਚੇ ਨੂੰ ਆਪਣੀ ਦਾਖ਼ਲੇ ਦੀ ਉਪਲਬਧ ਜਗ੍ਹਾ ਦੇ ਅੰਦਰ ਦਾਖ਼ਲ ਕਰ ਸਕਦਾ ਹੈ। ਉਹ ਸਾਰੇ ਸਕੂਲਾਂ ਜਿੰਨ੍ਹਾਂ ਕੋਲ ਗ਼ੈਰ-ਸਥਾਨਕ ਦਾਖ਼ਲਿਆਂ ਲਈ ਸੀਮਤ ਜਗ੍ਹਾਵਾਂ ਹਨ, ਉਨ੍ਹਾਂ ਨੂੰ ਨਵਿਆਏ ਗਏ ਗ਼ੈਰ-ਸਥਾਨਕ ਦਾਖ਼ਲੇ ਦੇ ਮਾਪਦੰਡ ਦੇ ਹਿਸਾਬ ਨਾਲ ਅਰਜ਼ੀਆਂ ਨੂੰ ਤਰਜੀਹ ਦੇਣੀ ਚਾਹੀਦੀ ਹੈ ਅਤੇ ਉਨ੍ਹਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ।

## ਮੇਰੀ ਪਿਛਲੀ ਗ਼ੈਰ-ਸਥਾਨਕ ਦਾਖ਼ਲਾ ਅਰਜ਼ੀ ਨੂੰ ਨਾ-ਮਨਜ਼ੂਰ ਕਰ ਦਿੱਤਾ ਗਿਆ ਸੀ, ਪਰ ਮੇਰਾ ਬੱਚਾ ਹੁਣ ਨਵੇਂ ਮਾਪਦੰਡਾਂ ਦੀ ਪੂਰਤੀ ਕਰਦਾ ਹੈ। ਕੀ ਮੈਂ ਦੁਬਾਰਾ ਅਰਜ਼ੀ ਦੇ ਸਕਦਾ ਹਾਂ?

ਹਾਂ। ਜੇ ਤੁਸੀਂ 2026 ਲਈ ਆਪਣੇ ਬੱਚੇ ਲਈ ਕਿਸੇ ਗ਼ੈਰ-ਸਥਾਨਕ ਸਕੂਲ ਵਿੱਚ ਜਾਣ ਲਈ ਅਰਜ਼ੀ ਦਿੱਤੀ ਸੀ ਅਤੇ ਅਰਜ਼ੀ ਨੂੰ ਰੱਦ ਕਰ ਦਿੱਤਾ ਗਿਆ ਸੀ, ਤਾਂ ਤੁਸੀਂ ਦੁਬਾਰਾ ਅਰਜ਼ੀ ਦੇ ਸਕਦੇ ਹੋ ਜੇ ਤੁਹਾਡਾ ਬੱਚਾ ਨਵਿਆਏ ਗਏ ਗ਼ੈਰ-ਸਥਾਨਕ ਦਾਖ਼ਲੇ ਦੇ ਮਾਪਦੰਡ ਨੂੰ ਪੂਰਾ ਕਰਦਾ ਹੈ। ਕਿਰਪਾ ਕਰਕੇ ਹੇਠਾਂ ਦਿੱਤੇ ਹਿੱਸੇ, "ਮੈਂ ਆਪਣੇ ਬੱਚੇ ਨੂੰ ਜਿੱਥੇ ਦਾਖ਼ਲ ਕੀਤਾ ਹੈ, ਉਸ ਨੂੰ ਕਿਵੇਂ ਬਦਲ ਸਕਦਾ ਹਾਂ?" ਵਿੱਚ ਦੱਸੇ ਕਦਮਾਂ ਦੀ ਪਾਲਣਾ ਕਰੋ।

## ਮੈਂ Year 6 ਤੋਂ 7 ਜਮਾਤ ਵਿੱਚ ਤਬਦੀਲੀ ਵਾਸਤੇ ਦਿਲਚਸਪੀ ਦਾ ਪ੍ਰਗਟਾਵਾ (Expression of Interest (EOI)) ਜਮ੍ਹਾਂ ਕੀਤਾ ਹੈ। ਕੀ ਮੈਂ ਉਸ ਜਗ੍ਹਾ ਨੂੰ ਬਦਲ ਸਕਦਾ ਹਾਂ ਜਿੱਥੇ ਮੈਂ ਆਪਣੇ ਬੱਚੇ ਨੂੰ ਦਾਖ਼ਲ ਕੀਤਾ ਹੈ?

ਹਾਂ। ਜੇ ਤੁਹਾਡਾ ਬੱਚਾ ਨਵਿਆਏ ਗਏ ਗ਼ੈਰ-ਸਥਾਨਕ ਦਾਖ਼ਲੇ ਦੇ ਮਾਪਦੰਡ ਨੂੰ ਪੂਰਾ ਕਰਦਾ ਹੈ, ਤਾਂ ਤੁਸੀਂ ਆਪਣੇ ਪਸੰਦੀਦਾ ਗ਼ੈਰ-ਸਥਾਨਕ ਸਕੂਲ ਨੂੰ ਇੱਕ ਨਵੀਂ ਅਰਜ਼ੀ ਜਮ੍ਹਾਂ ਕਰਵਾ ਸਕਦੇ ਹੋ, ਭਾਵੇਂ ਤੁਸੀਂ ਪਹਿਲਾਂ ਹੀ Year 6 ਤੋਂ 7 ਜਮਾਤ ਵਿੱਚ ਤਬਦੀਲੀ ਲਈ EOI ਜਮ੍ਹਾਂ ਕਰਵਾ ਚੁੱਕੇ ਹੋ। ਕਿਰਪਾ ਕਰਕੇ ਹੇਠਾਂ ਦਿੱਤੇ ਹਿੱਸੇ, "ਮੈਂ ਆਪਣੇ ਬੱਚੇ ਨੂੰ ਜਿੱਥੇ ਦਾਖ਼ਲ ਕੀਤਾ ਹੈ, ਉਸ ਨੂੰ ਕਿਵੇਂ ਬਦਲ ਸਕਦਾ ਹਾਂ?" ਵਿੱਚ ਦੱਸੇ ਕਦਮਾਂ ਦੀ ਪਾਲਣਾ ਕਰੋ।

## ਮੈਂ ਆਪਣੇ ਬੱਚੇ ਨੂੰ ਜਿੱਥੇ ਦਾਖ਼ਲ ਕੀਤਾ ਹੈ, ਉਸ ਨੂੰ ਕਿਵੇਂ ਬਦਲ ਸਕਦਾ ਹਾਂ?

ਮਾਪੇ ਜਾਂ ਸੰਭਾਲ ਕਰਨ ਵਾਲੇ ਜੋ ਆਪਣੇ ਬੱਚੇ ਨੂੰ ਕਿਸੇ ਗ਼ੈਰ-ਸਥਾਨਕ ਸਕੂਲ ਵਿੱਚ ਦਾਖ਼ਲ ਕਰਵਾਉਣਾ ਚਾਹੁੰਦੇ ਹਨ, ਉਹਨਾਂ ਨੂੰ ਆਪਣੇ ਦਾਖ਼ਲੇ ਨੂੰ ਬਦਲਣ ਲਈ ਇਨ੍ਹਾਂ ਕਦਮਾਂ ਦੀ ਪਾਲਣਾ ਕਰਨ ਦੀ ਲੋੜ ਹੁੰਦੀ ਹੈ:

### ਔਨਲਾਈਨ ਦਾਖ਼ਲਾ ਅਰਜ਼ੀਆਂ

1. ਉਸ ਸਰਕਾਰੀ ਸਕੂਲ ਦੀ ਵੈੱਬਸਾਈਟ 'ਤੇ ਜਾਓ ਜਿਸ ਨੂੰ ਤੁਸੀਂ ਦਾਖ਼ਲਾ ਲੈਣ ਲਈ ਅਰਜ਼ੀ ਦੇਣਾ ਚਾਹੁੰਦੇ ਹੋ, ਫਿਰ ਮੀਨੂ ਦੇ ਵਿਕਲਪਾਂ ਵਿੱਚ ਦਾਖ਼ਲੇ (enrolment) 'ਤੇ ਕਲਿੱਕ ਕਰੋ।
2. ਦਾਖ਼ਲਾ ਵੈੱਬਪੇਜ 'ਤੇ, ਦਾਖ਼ਲ ਕਿਵੇਂ ਕਰੀਏ (how to enrol) ਸਿਰਲੇਖ ਦੇ ਥੱਲੇ, ਔਨਲਾਈਨ ਦਾਖ਼ਲਾ ਅਰਜ਼ੀ (online enrolment application) ਦੇ ਲਿੰਕ 'ਤੇ ਕਲਿੱਕ ਕਰੋ।
3. ਇੱਕ ਵਾਰ ਜਦੋਂ ਤੁਸੀਂ ਦਾਖ਼ਲਾ ਲੈਣ ਲਈ ਆਪਣੀ ਅਰਜ਼ੀ ਜਮ੍ਹਾ ਕਰ ਦਿੰਦੇ ਹੋ, ਤਾਂ ਸਕੂਲ ਤੁਹਾਨੂੰ ਇੱਕ ਜਗ੍ਹਾ ਦੀ ਪੇਸ਼ਕਸ਼ ਕਰ ਸਕਦਾ ਹੈ ਜੋ ਤੁਹਾਨੂੰ 14 ਦਿਨਾਂ ਦੇ ਅੰਦਰ ਸਵੀਕਾਰ ਕਰਨ ਦੀ ਜ਼ਰੂਰਤ ਹੋਏਗੀ।
4. ਜੇ ਤੁਹਾਡੀ ਅਰਜ਼ੀ ਸਵੀਕਾਰ ਕਰ ਲਈ ਜਾਂਦੀ ਹੈ, ਤਾਂ ਉਸ ਦਾਖ਼ਲੇ ਨੂੰ ਵਾਪਸ ਲੈਣ ਲਈ ਉਸ ਸਕੂਲ ਨਾਲ ਸੰਪਰਕ ਕਰੋ ਜਿਸ ਵਿੱਚ ਤੁਹਾਡਾ ਬੱਚਾ ਪਹਿਲਾਂ ਦਾਖ਼ਲ ਹੋਇਆ ਸੀ।

**ਕਾਗਜ਼ੀ ਫਾਰਮ ਵਾਲੀਆਂ ਅਰਜ਼ੀਆਂ**

1. ਇਹ ਪਤਾ ਲਗਾਉਣ ਲਈ ਗ਼ੈਰ-ਸਥਾਨਕ ਸਰਕਾਰੀ ਸਕੂਲ ਨਾਲ ਸੰਪਰਕ ਕਰੋ ਕਿ ਕੀ ਉਹ ਤੁਹਾਡੇ ਬੱਚੇ ਨੂੰ ਜਗ੍ਹਾ ਦੇ ਸਕਦੇ ਹਨ।
2. ਜੇ ਸਕੂਲ ਤੁਹਾਡੇ ਬੱਚੇ ਨੂੰ ਜਗ੍ਹਾ ਦੇ ਸਕਦਾ ਹੈ, ਤਾਂ ਕਿਰਪਾ ਕਰਕੇ ਇੱਕ ਨਵਾਂ ਕਾਗਜ਼ੀ ਅਰਜ਼ੀ ਫਾਰਮ ਭਰੋ, ਜੋ ਸਕੂਲ ਪ੍ਰਦਾਨ ਕਰ ਸਕਦਾ ਹੈ।
3. ਇੱਕ ਵਾਰ ਜਦੋਂ ਤੁਸੀਂ ਦਾਖ਼ਲਾ ਲੈਣ ਲਈ ਆਪਣੀ ਅਰਜ਼ੀ ਜਮ੍ਹਾ ਕਰ ਦਿੰਦੇ ਹੋ, ਤਾਂ ਸਕੂਲ ਤੁਹਾਨੂੰ ਇੱਕ ਜਗ੍ਹਾ ਦੀ ਪੇਸ਼ਕਸ਼ ਕਰ ਸਕਦਾ ਹੈ ਜੋ ਤੁਹਾਨੂੰ 14 ਦਿਨਾਂ ਦੇ ਅੰਦਰ ਸਵੀਕਾਰ ਕਰਨ ਦੀ ਜ਼ਰੂਰਤ ਹੋਏਗੀ.
4. ਜੇ ਤੁਹਾਡੀ ਅਰਜ਼ੀ ਸਵੀਕਾਰ ਕਰ ਲਈ ਜਾਂਦੀ ਹੈ, ਤਾਂ ਉਸ ਦਾਖ਼ਲੇ ਨੂੰ ਵਾਪਸ ਲੈਣ ਲਈ ਉਸ ਸਕੂਲ ਨਾਲ ਸੰਪਰਕ ਕਰੋ ਜਿਸ ਵਿੱਚ ਤੁਹਾਡਾ ਬੱਚਾ ਪਹਿਲਾਂ ਦਾਖ਼ਲ ਹੋਇਆ ਸੀ।

## ਜੇ ਮੇਰੇ ਕੋਲ ਕੋਈ ਸਥਾਈ ਪਤਾ ਜਾਂ ਲੋੜੀਂਦੇ ਪਛਾਣ ਕਰਨ ਵਾਲੇ ਦਸਤਾਵੇਜ਼ ਨਹੀਂ ਹਨ ਤਾਂ ਕੀ ਹੋਵੇਗਾ?

ਅਜਿਹੇ ਹਾਲਾਤ ਹੁੰਦੇ ਹਨ ਜਿਨ੍ਹਾਂ ਵਿੱਚ ਕਿਸੇ ਵਿਦਿਆਰਥੀ ਨੂੰ ਪਤੇ ਦੇ ਸਬੂਤ ਤੋਂ ਬਿਨਾਂ ਦਾਖ਼ਲ ਕੀਤਾ ਜਾ ਸਕਦਾ ਹੈ। ਇਨ੍ਹਾਂ ਹਾਲਾਤਾਂ ਵਿੱਚ ਸ਼ਾਮਲ ਹਨ, ਪਰ ਇਨ੍ਹਾਂ ਤੱਕ ਸੀਮਤ ਨਹੀਂ ਹਨ, ਸਭਿਆਚਾਰਕ ਛੋਟ, ਫ਼ੌਜੀਆਂ ਦੇ ਬੱਚੇ ਅਤੇ ਘਰ ਤੋਂ ਬਾਹਰ ਦੀ ਦੇਖਭਾਲ ਵਿੱਚ ਰਹਿਣ ਵਾਲੇ, ਜ਼ਮਾਨਤ 'ਤੇ ਆਏ, ਜਾਂ ਯੂਥ ਜਸਟਿਸ ਸੈਂਟਰਾਂ ਅਤੇ ਹਿਰਾਸਤ ਵਿੱਚਲੇ ਸਕੂਲ ਤੋਂ ਤਬਦੀਲੀ ਕਰਨਾ। ਜੇ ਤੁਸੀਂ ਮਹਿਸੂਸ ਕਰਦੇ ਹੋ ਕਿ ਇਹ ਤੁਹਾਡੀ ਸਥਿਤੀ 'ਤੇ ਲਾਗੂ ਹੋ ਸਕਦਾ ਹੈ ਤਾਂ ਕਿਰਪਾ ਕਰਕੇ ਵਧੇਰੇ ਜਾਣਕਾਰੀ ਵਾਸਤੇ ਸੰਬੰਧਿਤ ਸਕੂਲ ਨਾਲ ਸੰਪਰਕ ਕਰੋ।

## ਕੀ 2025 ਦਾਖ਼ਲਾ ਨੀਤੀ ਅਤੇ ਪ੍ਰਕਿਰਿਆ ਵਿੱਚ ਤਬਦੀਲੀਆਂ ਅਜੇ ਵੀ ਲਾਗੂ ਹੁੰਦੀਆਂ ਹਨ?

ਹਾਂ। 2025 ਵਿੱਚ ਪੇਸ਼ ਕੀਤੀਆਂ ਗਈਆਂ ਤਬਦੀਲੀਆਂ 2026 ਦੇ ਦਾਖ਼ਲਿਆਂ ਲਈ ਲਾਗੂ ਹੁੰਦੀਆਂ ਰਹਿਣਗੀਆਂ। ਇਨ੍ਹਾਂ ਵਿੱਚ ਸ਼ਾਮਲ ਹਨ:

- ਅਸਥਾਈ ਨਿਵਾਸੀ ਵੀਜ਼ਾ ਵਾਲੇ ਸਾਰੇ ਵਿਦਿਆਰਥੀ ਆਪਣੇ ਰਿਹਾਇਸ਼ੀ ਪਤੇ ਦੇ ਆਧਾਰ ਤੇ, ਆਪਣੇ ਸਥਾਨਕ ਸਰਕਾਰੀ ਸਕੂਲ ਵਿੱਚ ਦਾਖ਼ਲਾ ਲੈ ਸਕਦੇ ਹਨ।
- ਇੱਕ ਸਰਕਾਰੀ ਸਕੂਲ ਵਿੱਚ ਇਸ ਸਮੇਂ ਪੜ੍ਹ ਰਹੇ ਵਿਦਿਆਰਥੀਆਂ ਦੇ ਭੈਣਾਂ-ਭਰਾਵਾਂ ਨੂੰ ਗ਼ੈਰ-ਸਥਾਨਕ ਦਾਖ਼ਲੇ ਲਈ ਤਰਜੀਹ ਦਿੱਤੀ ਜਾਂਦੀ ਹੈ, ਯੋਗ ਮੁੱਖ ਧਾਰਾ ਦੇ ਸਕੂਲਾਂ ਵਿੱਚ ਸਹਾਇਤਾ ਜਮਾਤਾਂ ਵਿੱਚ ਵਿਦਿਆਰਥੀਆਂ ਦੇ ਭੈਣਾਂ-ਭਰਾਵਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ।
- ਸਕੂਲ ਦੇ ਅਮਲੇ ਦੇ ਬੱਚਿਆਂ ਨੂੰ ਕਿਸੇ ਸਰਕਾਰੀ ਸਕੂਲ ਵਿੱਚ ਗ਼ੈਰ-ਸਥਾਨਕ ਦਾਖ਼ਲੇ ਲਈ ਵਿਚਾਰਿਆ ਜਾ ਸਕਦਾ ਹੈ।

ਇਹਨਾਂ ਤਬਦੀਲੀਆਂ ਬਾਰੇ ਵਧੇਰੇ ਜਾਣਕਾਰੀ ਵਾਸਤੇ, ਜਾਂ ਇਹ ਜਾਂਚ ਕਰਨ ਲਈ ਕਿ ਕੀ ਇਹ ਤੁਹਾਡੇ ਬੱਚੇ 'ਤੇ ਲਾਗੂ ਹੁੰਦੀਆਂ ਹਨ, ਸੰਬੰਧਿਤ ਸਕੂਲ ਨਾਲ ਸੰਪਰਕ ਕਰੋ।

## ਮੈਂ ਵਧੇਰੇ ਜਾਣਕਾਰੀ ਕਿੱਥੋਂ ਪ੍ਰਾਪਤ ਕਰ ਸਕਦਾ ਹਾਂ?

**ਦਾਖ਼ਲੇ ਦੀਆਂ ਪੁੱਛਗਿੱਛਾਂ ਵਾਸਤੇ, ਆਪਣੇ ਪਸੰਦੀਦਾ ਸਕੂਲ ਨਾਲ ਗੱਲ ਕਰੋ। ਆਪਣੇ ਸਕੂਲ ਦੇ ਸੰਪਰਕ ਵੇਰਵੇ ਇੱਥੇ ਲੱਭੋ:**
education.nsw.gov.au/find-a-public-school

**NSW ਦੇ ਸਰਕਾਰੀ ਸਕੂਲ ਵਿੱਚ ਦਾਖ਼ਲਾ ਕਿਵੇਂ ਲੈਣਾ ਹੈ ਇਸ ਬਾਰੇ ਵਧੇਰੇ ਜਾਣਕਾਰੀ ਲਈ:**
education.nsw.gov.au/enrolment

**ਇੱਕ ਅਸਥਾਈ ਵਸਨੀਕ ਵਜੋਂ NSW ਦੇ ਸਰਕਾਰੀ ਸਕੂਲ ਵਿੱਚ ਦਾਖ਼ਲਾ ਕਿਵੇਂ ਲੈਣਾ ਹੈ ਇਸ ਬਾਰੇ ਵਧੇਰੇ ਜਾਣਕਾਰੀ ਲਈ:**
https://www.deinternational.nsw.edu.au/

**ਦਾਖ਼ਲੇ ਦੀਆਂ ਆਮ ਪੁੱਛਗਿੱਛਾਂ ਲਈ, ਸਿੱਖਿਆ ਵਿਭਾਗ ਦੇ ਮੁੱਖ ਦਫ਼ਤਰ ਨਾਲ ਸੰਪਰਕ ਕਰੋ:** 1300 679 332

**ਟੈਲੀਫ਼ੋਨ ਦੁਭਾਸ਼ੀਆ ਸੇਵਾ**

ਜੇ ਕਿਸੇ ਸਕੂਲ ਜਾਂ ਸਿੱਖਿਆ ਵਿਭਾਗ ਨਾਲ ਸੰਪਰਕ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਤਾਂ ਕਿਰਪਾ ਕਰਕੇ ਟੈਲੀਫ਼ੋਨ ਦੁਭਾਸ਼ੀਏ ਸੇਵਾ ਨੂੰ 13 14 50 ਨੂੰ ਫ਼ੋਨ ਕਰੋ ਅਤੇ ਆਪਣੀ ਭਾਸ਼ਾ ਦੇ ਦੁਭਾਸ਼ੀਏ ਬਾਰੇ ਪੁੱਛੋ। ਔਪਰੇਟਰ ਨੂੰ ਉਹ ਫ਼ੋਨ ਨੰਬਰ ਦੱਸੋ ਜਿਸ 'ਤੇ ਤੁਸੀਂ ਗੱਲ ਕਰਨੀ ਚਾਹੁੰਦੇ ਹੋ ਅਤੇ ਔਪਰੇਟਰ ਗੱਲਬਾਤ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਲਾਈਨ 'ਤੇ ਦੁਭਾਸ਼ੀਏ ਨੂੰ ਲਿਆਏਗਾ। ਇਸ ਸੇਵਾ ਲਈ ਤੁਹਾਥੋਂ ਕੋਈ ਖ਼ਰਚਾ ਨਹੀਂ ਲਿਆ ਜਾਵੇਗਾ।